Volume - 3 | Issue - 9

UGC APPROVED NEW DELHI

# GURU KASHI UNIVERSITY

TALWANDI SABO (BATHINDA) INDIA

*North India's*
**Topmost & Leading**
*University*




**EDITORIAL BROAD**

*Chief Patron :*
**Dr. G.S. Sidhu**
*Vice Chancellor*

*Coordinator :*
**Dr. Ashwani Sethi**
*Director IQAC*

*Public Relation Officer :*
**Mr. Lavlin Sachdeva**

*Head Publishing :*
**Mr. Karanbir Singh Sidhu**

*Designer :*
**Mr. Avtar Singh Sidhu**

*Empowering Youth*
*Empowering India*

## "Learning is Experience Everything else is just information

Today Institute of Hotel Management Guru KashiUniversity Talwandi Sabo organized the event **on "Making Food withoutFire"** where students of IHM participated with full enthusiasm and showed there innovative skills. Our Honorable Vice Chancellor Dr. Gurjant Singh Sidhu was our Chief Guest. He motivated the students & appreciated the faculty of IHM for organizing and making the event a successful one. He interacted with the students to find out the ingredients of recipes, and nutritional value of the dishes prepared by them.The staff of IHM Mr. Sawaraj Ahluwalia Head of Department, Mr. Narinder Assistant Professor & Mrs. Manisha Assistant Professor along with our Honorable Vice Chancellor Dr. Sidhu was the ones who judged the event. Dishes were judged on nutrition, taste & calorific value.Our Honorable Vice ChancellorWas overawed by the efforts of the participants and results were announced amidst tough competition.Mr.Pavneet, Mr. Manpreet & Mrs. Mandeep Kaur staff members of IHM also played the crucial role in organizing the event & they were appreciated for their hard work by our worthy Honorable Chancellor Dr. G.S Sidhu.The event not only provided a platform to foster their creativity and decision making skills but also helped them explore their hidden talents and discover new areas of interest. In the end Mr.Sawaraj Indersingh ahluwalia gave vote of thanks to all present to our their.



## ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ (ਬਠਿੰਡਾ) ਦੇ ਕਾਲਜ ਆਫ਼ ਫਾਇਨ ਆਰਟ ਵਿਖੇ ਮਨਾਈ ਗਈ ਗਨੇਸ਼ ਚਤੁਰਥੀ

**ਬਠਿੰਡਾ (ਤਲਵੰਡੀ ਸਾਬੋ)**

ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ਼ ਫਾਇਨ ਆਰਟ ਵਿਖੇ ਗਨੇਸ਼ ਚਤੁਰਥੀ ਦਾ ਪਵਿੱਤਰ ਤਿਉਹਾਰ ਭਗਵਾਨ ਗਨੇਸ਼ ਜੀ ਦੀਆਂ ਮੂਰਤੀਆਂ ਬਣਾ ਕੇ ਕੀਤਾ ਗਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਗਣਪਤੀ ਅਤੇ ਮਾਂ ਲਕਸ਼ਮੀ ਦੀਆਂ ਮੂਰਤੀਆਂ ਬਣਾ ਕੇ ਉਹਨਾਂ ਵਿੱਚ ਖੂਬਸੂਰਤ ਰੰਗ ਭਰੇ ਗਏ ਅਤੇ ਪ੍ਰਦਰਸ਼ਨੀ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਕੁਲਵਿੰਦਰ ਕੁਮਾਰ ਦੀ ਮੂਰਤੀ ਨੂੰ ਪਹਿਲਾ, ਰੁਕਸਨਾ ਖਾਨ ਦੀ ਮੂਰਤੀ ਨੂੰ ਦੂਜਾ, ਅਵਤਾਰ ਸਿੰਘ ਤੇ ਨਿਸ਼ਾਨਦੀਪ ਦੀ ਮੂਰਤੀ ਨੂੰ ਤੀਜਾ ਸਥਾਨ ਹਾਸਿਲ ਹੋਇਆ। ਇਸ ਮੌਕੇ ਫਾਇਨ ਆਰਟ ਵਿਭਾਗ ਦੇ ਮੁੱਖੀ ਪ੍ਰੋ: ਕੰਵਲਜੀਤ ਕੌਰ ਨੇ ਵਿਦਿਆਰਥੀਆਂ ਦੀ ਇਸ ਮੂਰਤੀ ਕਲਾ ਦੀ ਖੂਬ ਪ੍ਰਸ਼ੰਸਾ ਕੀਤੀ ਅਤੇ ਇਨਾਮ ਤਕਸੀਮ ਕੀਤੇ। ਉਹਨਾਂ ਨੇ ਸੁੰਦਰ ਮੂਰਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਭਗਵਾਨ ਗਣਪਤੀ ਨੂੰ ਵਿਦਿਆਰਥੀਆਂ ਦੀ ਸ਼ਰਧਾ ਪੂਰਵਕ ਭੇਂਟ ਹੈ। ਭਗਵਾਨ ਗਨੇਸ਼ ਹਮੇਸ਼ਾਂ ਇਹਨਾਂ ਵਿਦਿਆਰਥੀਆਂ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਤੇ ਉਹਨਾਂ ਨੇ ਵਿਦਿਆਰਥੀਆਂ ਨੂੰ ਉਜੱਵਲ ਭਵਿੱਖ ਦੀਆਂ ਸ਼ੁੱਭ ਕਾਮਨਾਵਾਂ ਦਿੱਤੀਆਂ।



## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐਗਰੀਕਲਚਰ ਕਾਲਜ ਦੇ ਵਿਦਿਆਰਥੀਆਂ ਵਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਦਾ ਦੌਰਾ।

ਤਲਵੰਡੀ ਸਾਬੋ- ਵਿਦਿਆਰਥੀਆਂ ਦੇ ਗਿਆਨ ਵਿਚ ਵਾਧਾ ਕਰਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਐਗਰੀਕਲਚਰ ਕਾਲਜ ਦੇ ਵਿਦਿਆਰਥੀਆਂ ਵੱਲੋਂ ਕਾਲਜ ਦੇ ਡੀਨ ਡਾ ਸ਼ਾਮ ਸਿੰਘ ਢਿੱਲੋਂ ਦੀ ਅਗਵਾਈ ਹੇਠ ਡਾ ਬਲਵਿੰਦਰ ਸਿੰਘ ਢਿੱਲੋਂ ਵਲੋਂ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਦੇ ਲਾਏ ਗਏ ਕਿਸਾਨ ਮੇਲੇ ਦਾ ਦੌਰਾ ਕੀਤਾ । ਜਿਸ ਵਿਚ ਖੇਤਬਾੜੀ ਮਾਹਿਰਾਂ ਨੇ ਪਾਣੀ ਬਚਾਉਣ ਦੀਆਂ ਨਵੀਆਂ ਤਕਨੀਕਾਂ ਤੋਂ ਜਾਣੂ ਕਰਵਾਇਆ ਗਿਆ ਇਸ ਤੋਂ ਇਲਾਵਾ ਵਿਦਿਆਰਥੀਆਂ ਨੇ ਪੋਲੀ ਹਾਊਸ,ਡੇਅਰੀ ਫਾਰਮਿੰਗ, ਪਰਾਲੀ ਦੇ ਸਦਉਪਯੋਗ ਲਈ ਨਵੀਆਂ ਮਸ਼ੀਨਾਂ ਬਾਰੇ ਜਾਣਕਾਰੀ ਵੀ ਦਿੱਤੀ ਗਈ । ਇਸ ਮੌਕੇ ਨਾਲ ਗਏ ਪ੍ਰੋ ਡਾ. ਬਲਵਿੰਦਰ ਸਿੰਘ ਨੇ ਦਸਿਆ ਕਿ ਵਿਦਿਆਰਥੀਆਂ ਨੂੰ ਮਾਹਿਰਾਂ ਵਲੋਂ ਛੱਤਾਂ ਉੱਪਰਲੇ ਮੀਹ ਦੇ ਪਾਣੀ ਦੀ ਬੱਚਤ, ਤੁਪਕਾ ਸਿੰਚਾਈ, ਫੁਹਾਰਾ ਸਿੰਚਾਈ, ਝੋਨੇ ਦੀ ਸਿੱਧੀ ਬਿਜਾਈ ਅਤੇ ਘੱਟ ਸਮੇਂ ਵਿੱਚ ਵਧੀਆ ਝਾੜ ਦੇਣ ਵਾਲੀਆਂ ਝੋਨੇ ਦੀਆ ਕਿਸਮਾਂ ਬਾਰੇ ਜਾਣਕਾਰੀ ਦਿੱਤੀ।ਇਸ ਬਾਰੇ ਗੱਲਬਾਤ ਕਰਦੇ ਹੋਏ ਵਰਸਿਟੀ ਦੇ ਉਪ ਕੁਲਪਤੀ ਡਾ ਗੁਰਜੰਟ ਸਿੰਘ ਸਿੱਧੂ ਨੇ ਦਸਿਆ ਕਿ ਇਸ ਤਰਾ ਦੇ ਦੌਰੇ ਵਿਦਿਆਰਥੀਆਂ ਦੇ ਹੌਸਲੇ ਅਤੇ ਜਾਣਕਾਰੀ ਵਿਚ ਵਾਧਾ ਕਰਨ ਵਿਚ ਬਹੁਤ ਸਹਾਇਕ ਹਨ ਕਿਉਂ ਕਿ ਇਸ ਨਾਲ ਵਿਦਿਆਰਥੀਆਂ ਦੀ ਮੁਲਾਕਾਤ ਖੇਤੀ ਮਾਹਿਰਾਂ ਅਤੇ ਉੱਘੇ ਸਾਇੰਸਦਾਨਾਂ ਨਾਲ ਹੁੰਦੀ ਹੈ ਜੋ



ਆਪਣੇ ਗਿਆਨ ਦਾ ਅਦਾਨ ਪ੍ਰਦਾਨ ਕਰਦੇ ਹਨ । ਓਹਨਾ ਕਿਹਾ ਕਿ ਵਰਸਿਟੀ ਇਸ ਤਰ੍ਹਾਂ ਦੇ ਵਿਦਿਅਕ ਦੌਰੇ ਸਮੇਂ ਸਮੇਂ ਸਿਰ ਕਰਵਾਉਂਦੀ ਰਹੇਗੀ

## ਅਧਿਆਪਕ ਦਿਵਸ ਮੌਕੇ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਵਧੀਆ ਕਾਰਗੁਜਾਰੀ ਵਿਖਾਉਣ ਵਾਲੇ ਅਧਿਆਪਕਾਂ ਦਾ ਕੀਤਾ ਗਿਆ ਸਨਮਾਨ

### ਭੌਤਿਕਤਾ ਦੇ ਇਸ ਯੁੱਗ ਵਿਚ ਗੁਰੂ ਚੇਲੇ ਦੀ ਪਰੰਪਰਾ ਅੱਜ ਵੀ ਸਾਰਥਕ: ਡਾ. ਵਿਜੈ ਲਕਸ਼ਮੀ

ਬਠਿੰਡਾ (ਤਲਵੰਡੀ ਸਾਬੋ) ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ਼ ਕੰਪਿਊਟਰ ਐਪਲੀਕੇਸ਼ਨ ਦੇ ਤਿੰਨੇ ਵਿਭਾਗਾਂ ਵੱਲੋਂ ਮਿਤੀ 05 ਅਕਤੂਬਰ ਨੂੰ ਅਧਿਆਪਕ ਦਿਵਸ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਕਾਲਜ ਆਫ਼ ਕੰਪਿਊਟਰ ਐਪਲੀਕੇਸ਼ਨ ਵੱਲੋਂ ਕੀਤੇ ਗਏ ਇਸ ਸਮਾਰੋਹ ਵਿਚ ਡਾ. ਨਰਿੰਦਰ ਸਿੰਘ ਡਾਇਰੈਕਟਰ ਫਾਇਨਾਂਸ, ਡਾ. ਵਿਜੈ ਲਕਸ਼ਮੀ ਡੀਨ, ਡਾ. ਅਸ਼ਵਨੀ ਸੇਠੀ ਡਾਇਰੈਕਟਰ ਪਲਾਨਿੰਗ ਅਤੇ ਵਿਕਾਸ, ਲਵਲੀਨ ਸੱਚਦੇਵਾ ਡਿਪਟੀ ਡਾਇਰੈਕਟਰ ਲੋਕ ਸੰਪਰਕ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਵੱਲੋਂ ਦਿਲ ਖਿਚਵਾਂ ਸੱਭਿਆਚਾਰਕ ਅਤੇ ਰੰਗਾਂ-ਰੰਗ ਪ੍ਰੋਗਰਾਮ ਪੇਸ਼ ਕੀਤਾ ਗਿਆ।ਅਧਿਆਪਕ ਦਿਵਸ ਮੌਕੇ ਡੀਨ ਡਾ. ਵਿਜੈ ਲਕਸ਼ਮੀ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਿਤਾਬੀ ਗਿਆਨ ਤੋਂ ਇਲਾਵਾ ਬੱਚਿਆਂ ਵਿੱਚ ਅਨੁਸ਼ਾਸਨ ਦਾ ਹੋਣਾ ਅਤਿ ਜ਼ਰੂਰੀ ਹੈ। ਇਸ ਸਮਾਰੋਹ ਵਿੱਚ ਬੋਲਦੇ ਹੋਏ ਉਹਨਾਂ ਇਹ ਵੀ ਕਿਹਾ ਕਿ ਬਜ਼ਾਰਵਾਦ ਅਤੇ ਭੌਤਿਕਤਾ ਦੇ ਇਸ ਯੁੱਗ ਵਿੱਚ ਅਧਿਆਪਕ ਅਤੇ ਵਿਦਿਆਰਥੀ ਦਾ ਰਿਸ਼ਤਾ ਵਿਸ਼ਵਾਸ਼ ਵਾਲਾ ਅਤੇ ਨਿਮਰਤਾ ਪੂਰਵਕ ਹੋਣਾ ਚਾਹੀਦਾ ਹੈ। ਅਧਿਆਪਕ ਦਿਵਸ ਦੇ ਇਸ ਮੌਕੇ ਵਧੀਆ ਕਾਰਗੁਜਾਰੀ ਵਿਖਾਉਣ ਵਾਲੇ ਅਧਿਆਪਕ ਡਾ. ਆਨੰਦ ਸਰਮਾ, ਡਾ. ਦਿਨੇਸ਼, ਇੰਜ. ਹਰਪਾਲ ਸਿੰਘ, ਚਮਕੌਰ ਸਿੰਘ, ਉਪਾਸਨਾ ਗਰਗ, ਜਸਵਿੰਦਰ ਬਰਾੜ, ਗੁਰਪ੍ਰੀਤ ਸਿੰਘ, ਸੁਖਪ੍ਰੀਤ ਸਿੰਘ,



ਹਰਮਨਦੀਪ ਕੌਰ ਅਤੇ ਵਿਦਿਆਰਥੀਆਂ ਦੇ ਨੁਮਾਇੰਦਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ।ਇਸ ਸਮਾਰੋਹ ਦੀ ਸ਼ੁਰੂਆਤ ਸ਼ਮਾ ਰੋਸ਼ਨ ਕਰਨ ਤੋਂ ਬਾਅਦ ਕੇਕ ਕੱਟ ਕੇ ਕੀਤੀ ਗਈ। ਸਮਾਰੋਹ ਵਿੱਚ ਆਏ ਹੋਏ ਮਹਿਮਾਨਾਂ ਦਾ ਸਵਾਗਤ ਇੰਜ. ਹਰਪਾਲ ਸਿੰਘ ਨੇ ਕੀਤਾ। ਇਸ ਮੌਕੇ ਉਹਨਾਂ ਆਪਣੇ ਵਿਚਾਰ ਰੱਖਦੇ ਹੋਏ ਕਿਹਾ ਕਿ ਰਾਸ਼ਟਰ ਅਤੇ ਸਮਾਜ ਦੇ ਨਿਰਮਾਣ ਵਿੱਚ ਅਧਿਆਪਕ ਦਾ ਸਭ ਤੋਂ ਵੱਡਾ ਯੋਗਦਾਨ ਹੁੰਦਾ ਹੈ। ਇਸ ਲਈ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਦਾ ਮਜਬੂਤ ਹੋਣਾ ਅਤਿ ਜ਼ਰੂਰੀ ਹੈ।ਸਮਾਰੋਹ ਦੇ ਅਖ਼ੀਰ ਵਿੱਚ ਮੈਡਮ ਲਵਪ੍ਰੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ।

## Guru Kashi University announces special Facilities for the students of Jammu & Kashmir

**Bathinda (Talwandi Sabo)** Due to ongoing situations situation in the state of J&K, a special meeting was held at Guru Kashi University Talwandi Sabo under the chairmanship of Director Finance Dr. Narinder Singh. Special facilities were announced for the students by Dr. Harjinder Singh Rose (Dean Academics) and Dr. Sunny Arora (Dy. Director IT). It was announced that the time limit for depositing university fee, hostel fee and other dues has been already extended. Besides this, student welfare committee has been constituted. The students can contact the convener of the student welfare committee Dr. Sunny Arora regarding their problem personally and also contact his phone no. 93971-00001. At the end of the meeting student gave over whelming response and conveyed their gratitude.



## ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਤੇ ਸਾਬਕਾ ਡਿਪਟੀ ਸਪੀਕਰ (ਪੰਜਾਬ) ਨੇ ਪ੍ਰਗਟਾਈ ਸੰਤੁਸ਼ਟੀ

**ਬਠਿੰਡਾ (ਤਲਵੰਡੀ ਸਾਬੋ)** ਅੱਜ ਮਿਤੀ 10 ਸਤੰਬਰ 2019 ਨੂੰ ਸਾਬਕਾ ਡਿਪਟੀ ਸਪੀਕਰ ਪੰਜਾਬ ਬੀਰ ਦਵਿੰਦਰ ਸਿੰਘ ਨੇ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਵਿਸ਼ੇਸ਼ ਤੌਰ ਤੇ ਜੰਮੂ ਕਸ਼ਮੀਰ ਦੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਤੇ ਉਨ੍ਹਾਂ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾ ਬਾਰੇ ਜਾਣਕਾਰੀ ਹਾਸਿਲ ਕੀਤੀ। ਇਸ ਮਿਲਣੀ ਤੇ ਵਰਸਿਟੀ ਦੇ (ਡੀਨ ਅਕਾਦਮਿਕ) ਡਾ. ਹਰਜਿੰਦਰ ਸਿੰਘ ਰੋਜ਼, ਡਾ. ਸਤਨਾਮ ਸਿੰਘ ਜੱਸਲ (ਡੀਨ ਕਾਲਜ ਆਫ਼ ਬੇਸਿਕ ਸਾਇੰਸ) ਡਾ. ਅਸਵਨੀ ਸੇਠੀ (ਡਾਇਰੈਕਟਰ ਯੋਜਨਾ ਅਤੇ ਵਿਕਾਸ), ਡਾ. ਅਮਿਤ ਟੂਟੇਜਾ (ਡਿਪਟੀ ਰਜਿਸਟਰਾਰ),



ਡਾ. ਸੰਨੀ ਅਰੋੜਾ (ਡਿਪਟੀ ਡਾਇਰੈਕਟਰ ਆਈ.ਟੀ), ਲਵਲੀਨ ਸੱਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਵੀ ਹਾਜ਼ਰ ਹੋਏ। ਇਸ ਮੌਕੇ ਤੇ ਸਾਬਕਾ ਡਿਪਟੀ ਸਪੀਕਰ ਦਾ ਸਵਾਗਤ ਕਰਦੇ ਹੋਏ ਡਾ. ਰੋਜ਼ ਨੇ ਕਿਹਾ ਕਿ ਚੰਗਾ ਹੋਵੇ ਜੇ ਕਰ ਪ੍ਰਸ਼ਾਸ਼ਨ ਵੱਲੋਂ ਜੰਮੂ ਕਸ਼ਮੀਰ ਵਿੱਚ ਫਸੇ ਹੋਏ ਵਿਦਿਆਰਥੀਆਂ ਨੂੰ ਹਵਾਈ ਰਸਤੇ ਰਾਹੀਂ ਉਨ੍ਹਾਂ ਦੇ ਸੰਬੰਧਤ ਵਿਦਿਅਕ ਅਦਾਰਿਆਂ ਤੱਕ ਪਹੁੰਚਾਉਣ ਦਾ ਪ੍ਰਬੰਧ ਹੋ ਸਕੇ ਤਾਂ ਕਿ ਇਨ੍ਹਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਨਾ ਹੋਵੇ। ਇਸ ਤੋਂ ਇਲਾਵਾਂ ਉਨ੍ਹਾਂ ਨੇ ਜੀ.ਕੇ.ਯੂ. ਵੱਲੋਂ ਇਨ੍ਹਾਂ ਵਿਦਿਆਰਥੀਆਂ ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਅਤੇ ਦਿੱਤੀਆਂ ਜਾ ਰਹੀਆਂ ਵਿਸ਼ੇਸ਼ ਸਹੂਲਤਾਂ ਬਾਰੇ ਵੀ ਜਾਣਕਾਰੀ ਦਿੱਤੀ।ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹਏ ਬੀਰ ਦਵਿੰਦਰ ਸਿੰਘ ਨੇ ਕਿਹਾ ਕਿ ਉਹ ਪ੍ਰਸ਼ਾਸ਼ਨ ਨੂੰ ਇਨ੍ਹਾਂ ਵਿਦਿਆਰਥੀਆਂ ਦੀ ਹਰ ਤਰ੍ਹਾਂ ਦੀ ਮਦਦ ਲਈ ਕਹਿਣਗੇ। ਇਸ ਮੌਕੇ ਉਨ੍ਹਾਂ ਵਿਦਿਆਰਥੀਆਂ ਨੂੰ ਦਰਪੇਸ਼ ਆ ਰਹੀਆਂ ਮੁਸਕਿਲਾ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਤੇ ਗੁਰੂ ਕਾਸ਼ੀ ਯੂਨੀਵਰਸਿਟੀ ਵੱਲੋਂ ਇਨ੍ਹਾਂ ਵਿਦਿਆਰਥੀਆਂ ਲਈ ਕੀਤੇ ਗਏ ਵਿਸ਼ੇਸ਼ ਪ੍ਰਬੰਧਾਂ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਨੂੰ ਦਿੱਤੀਆਂ ਜਾ ਰਹੀਆਂ ਸਹੂਲਤਾਂ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।ਆਖ਼ੀਰ ਵਿੱਚ ਲਵਲੀਨ ਸੱਚਦੇਵਾ ਨੇ ਵਿਸ਼ੇਸ਼ ਤੌਰ ਤੇ ਪਧਾਰੇ ਡਾ. ਮੌਜੀ, ਐਚ.ਆਰ. ਮੌਫ਼ਰ, ਪ੍ਰਧਾਨ ਮੁਸਲਿਮ ਫਰੰਟ ਪੰਜਾਬ, ਸੁਨੀਲ ਕੁਮਾਰ (ਐਸ.ਐੱਚ.ਓ.) ਤਲਵੰਡੀ ਸਾਬੋ ਅਤੇ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ।

## ਗੁਰੁ ਕਾਸ਼ੀ ਯੁਨੀਵਰਸਿਟੀ ਵਿੱਖੇ ਹੋਈ "ਨਿਉਮੈਰੀਕਲ ਮੈਥਡ" ਕਿਤਾਬ ਦੀ ਘੁੰਡ ਚੁੱਕਾਈ।

**(ਤਲਵੰਡੀ ਸਾਬੋ )**ਗਣਿਤ ਦੇ ਵਿਦਿਆਥਿਆ ਨੂੰ ਪੇਸ਼ ਆ ਰਹੀਆਂ ਮੁਸ਼ਕਿਲਾ ਨੂੰ ਸਾਹਮਣੇ ਰਖਦੇ ਹੋਏ ਓਹਨਾਂ ਦਾ ਆਸਨ ਹਲ ਲਭਦੇ ਹੋਏ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਇੰਜੀਨੀਅਰਿੰਗ ਵਿਭਾਗ ਦੇ ਇੰ. ਅਤੁੱਲ ਗੋਇਲ ਡਾ ਮਧੂਚੰਦ ਰਖਸ਼ਿਤ ਅਤੇ ਡਾ ਸੁਚੇਤ ਕੁਮਾਰ ਦੀ ਲਿਖੀ ਕਿਤਾਬ ਰਿਲੀਜ਼ ਕੀਤੀ ਗਈ। ਕਿਤਾਬ ਦੀ ਘੁੰਡ ਚੁਕਾਈ ਦੀ ਰਸਮ ਵਰਸਿਟੀ ਦੇ ਕਰਜਕਾਰੀ ਉੱਪ ਕੁਲਪਤੀ ਡਾ ਗੁਰਜੰਟ ਸਿੰਘ ਸਿੱਧੂ ਨੇ ਅੱਦਾ ਕਿਤੀ ਇਸ ਮੋਕੇ ਡਾਇਰੈਕਟਰ ਫਾਈਨਾਂਸ ਡਾ ਨਰਿੰਦਰ ਸਿੰਘ ,ਇੰ. ਕੇਵਲ ਸਿੰਘ ਖੋਖਰ ਨੇ ਵਿਸ਼ੇਸ ਤੌਰੇ ਤੇ ਸ਼ਿਰਕਤ ਕੀਤੀ ।ਇਸ ਮੋਕੇ ਬੋਲਦੇ ਹੋਏ ਡਾ ਸਿੱਧੂ ਨੇ ਕਿਹਾ ਕੀ ਕਿਤਾਬ ਗਰੈਜੂਏਟ ਅਤੇ ਅੰਡਰ ਗਰੈਜੂਏਟ ਦੇ ਵਿਦਿਆਰਥੀਆਂ ਲਈ ਬਹੂਤ ਸਹਾਈ ਹੋਵੇਗੀ, ਕਿਓਂਕਿ ਇਹ ਕਿਤਾਬ ਇਹਨਾਂ ਬੱਚਿਆਂ ਦੀਆਂ ਮੁਸ਼ਕਿਲਾ ਨੂੰ ਮਦੇ ਨਜਰ ਰੱਖ ਕੇ ਲਿਖੀ ਗਈ ਹੈ ਅਖੀਰ ਵਿਚ ਹਾਜ਼ਰ ਮਹਿਮਾਨਾਂ ਨੇ ਇੰ. ਅਤੁੱਲ ਗੋਇਲ ਡਾ ਮਧੂਚੰਦ ਰਖਸ਼ਿਤ ਅਤੇ ਡਾ ਸੁਚੇਤ ਕੁਮਾਰ ਨੂੰ ਵਧਾਈ ਦਿਤੀ।

## ਸੁਖੀ ਜੀਵਨ ਦਾ ਇੱਕ ਹੀ ਮੰਤਰ “ਵਾਹਿਗੁਰੂ ਦਾ ਸ਼ੁਕਰਾਨਾ”: ਬੀ.ਕੇ. ਕਮਲ ਟੂਟੇਜਾ

**ਬਠਿੰਡਾ (ਤਲਵੰਡੀ ਸਾਬੋ)** ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ਼ ਬੇਸਿਕ ਸਾਇੰਸ ਦੇ ਇਤਿਹਾਸ ਵਿਭਾਗ ਵੱਲੋਂ ਜੀਵਨ ਦੀ ਕਲਾ ਵਿਸ਼ੇ ਤੇ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਬੀ.ਕੇ.ਕਮਲ ਟੂਟੇਜਾ ਮੁੱਖ ਵਕਤਾ ਦੇ ਤੌਰ ਤੇ ਪਧਾਰੇ। ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸਤਨਾਮ ਸਿੰਘ ਜੱਸਲ (ਡੀਨ ਬੇਸਿਕ ਸਾਇੰਸ) ਨੇ ਕੀਤੀ। ਸੈਮੀਨਾਰ ਵਿੱਚ ਡਾ. ਵਿਜੈ ਲਕਸ਼ਮੀ (ਡੀਨ ਕੰਪਿਊਟਰ ਸਾਇੰਸ), ਡਾ. ਅਮਿਤ ਟੂਟੇਜਾ (ਡਿਪਟੀ ਰਜਿਸਟਰਾਰ), ਡਾ. ਦਲਜੀਤ ਕੌਰ, ਡਾ. ਰੂਬੀ ਬਾਲਾ, ਡਾ. ਹਰਪਿੰਦਰ ਕੌਰ, ਡਾ. ਜਸਪ੍ਰੀਤ ਸਿੰਘ, ਬੀ.ਕੇ. ਰਾਣੀ ਦੀਦੀ, ਬੀ.ਕੇ. ਹਿਤੇਸ਼ ਕੁਮਾਰ, ਵਿਸ਼ੇਸ਼ ਮਹਿਮਾਨ ਤੌਰ ਤੇ ਸ਼ਾਮਿਲ ਹੋਏ। ਇਸ ਸੈਮੀਨਾਰ ਦਾ ਆਗਾਜ਼ ਸੰਗੀਤ ਵਿਭਾਗ ਵੱਲੋਂ ਜਸਪਾਲ ਸਿੰਘ ਅਤੇ ਉਸ ਦੇ ਜੱਥੇ ਪਾਸੋਂ ਸ਼ਬਦ ਗਾਇਨ ਦੇ ਨਾਲ ਕੀਤਾ ਗਿਆ। ਜੀਵਨ ਦੀ ਕਲਾ ਬਾਰੇ ਗੱਲਬਾਤ ਕਰਦੇ ਹੋਏ ਮੁੱਖ ਵਕਤਾ ਬੀ.ਕੇ. ਕਮਲ ਟੂਟੇਜਾ ਨੇ ਕਿ ਕਿਹਾ ਕਿ ਸੁਖੀ ਜੀਵਨ ਲਈ ਸਾਨੂੰ ਪ੍ਰਮਾਤਮਾ ਦਾ ਸ਼ੁਕਰਾਨਾ ਕਰਨਾ ਚਾਹੀਦਾ ਹੈ, ਜਿਸ ਨੇ ਸਾਨੂੰ ਇੰਨੀ ਖ਼ੂਬਸੂਰਤ ਜ਼ਿੰਦਗੀ ਬਖ਼ਸ਼ੀ ਹੈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਸਕਾਰਾਤਮਕ ਸੋਚ ਨਾਲ ਲਬਰੇਜ਼ ਰਹਿਣਾ ਚਾਹੀਦਾ ਹੈ, ਆਪਣੇ ਆਪ ਨੂੰ ਖਾਸ ਸਮਝਦੇ ਹੋਏ ਪ੍ਰੰਭੂ ਤੋਂ ਇਹ ਆਸ਼ੀਰਵਾਦ ਮੰਗਿਆ ਜਾਵੇ ਕਿ ਅਸੀਂ ਹਮੇਸ਼ਾ ਹੱਸਦੇ ਤੇ ਮੁਸਕਰਾਉਦੇ ਰਹਿਏ। ਸੈਮੀਨਾਰ ਦੀ ਪ੍ਰਧਾਨਗੀ ਕਰਦੇ ਹੋਏ ਡਾ. ਸਤਨਾਮ ਸਿੰਘ ਜੱਸਲ ਨੇ ਕਿਹਾ ਕਿ ਅੱਜ ਦੀ ਭੱਜ-ਦੌੜ ਦੀ ਜ਼ਿੰਦਗੀ ਵਿੱਚ ਮਾਨਸਿਕ ਸ਼ਾਤੀ ਅਤਿ ਜ਼ਰੂਰੀ ਹੈ। ਇਸ ਦੀ ਪ੍ਰਾਪਤੀ ਦੇ ਲਈ ਇਸ ਤਰ੍ਹਾਂ ਦੇ ਸੈਮੀਨਾਰ ਸਾਰਥਕ ਹਨ ਜੋ ਸਾਨੂੰ ਸਹੀ ਮਾਰਗ ਅਤੇ ਦਿਸ਼ਾ ਪ੍ਰਦਾਨ ਕਰਦੇ ਹਨ।ਸੈਮੀਨਾਰ ਦਾ ਮੰਚ ਸੰਚਾਲਨ ਡਾ. ਪ੍ਰਵੀਨ ਮਹਿਤਾ (ਅਰਥ ਸ਼ਾਸਤਰ ਵਿਭਾਗ) ਨੇ ਬਾਖੂਬੀ ਕੀਤਾ ਤੇ ਆਖੀਰ ਵਿੱਚ ਸਭ ਦਾ ਧੰਨਵਾਦ ਕੀਤਾ।




## ਸੁਖਪਾਲ ਸਿੰਘ ਬਣੇ ਮਿਸਟਰ ਫਰੈਸ਼ਰ ਅਤੇ ਲਖਵੀਰ ਕੌਰ ਬਣੀ ਮਿਸ ਫਰੈਸ਼ਰ

**ਬਠਿੰਡਾ (ਤਲਵੰਡੀ ਸਾਬੋ)** ਇਲਾਕੇ ਦੀ ਨਾਮੀ ਵਿਦਿਅਕ ਸੰਸਥਾ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕਾਲਜ ਆਫ਼ ਫਾਇਨ ਆਰਟ ਵੱਲੋਂ ਪਹਿਲੇ ਸੈਮਸਟਰ ਦੇ ਵਿਦਿਆਰਥੀਆਂ ਲਈ ਸ਼ਾਨਦਾਰ ਸਵਾਗਤੀ ਪਾਰਟੀ ਆ ਆਯੋਜਨ ਵਿਭਾਗ ਦੀ ਮੁੱਖੀ ਮੈਡਮ ਕੰਵਲਜੀਤ ਕੌਰ ਦੀ ਰਹਿਨੁਮਾਈ ਹੇਠ ਕੀਤਾ ਗਿਆ। ਜਿਸ ਦੀ ਪ੍ਰਧਾਨੀ ਡਾ. ਸਤਨਾਮ ਸਿੰਘ ਜੱਸਲ (ਡੀਨ) ਨੇ ਕੀਤੀ। ਇਸ ਸਮਾਰੋਹ ਵਿੱਚ ਡਾ. ਆਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਅਤੇ ਵਿਕਾਸ), ਲਵਲੀਨ ਸੱਚਦੇਵਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਨੇ ਵਿਸ਼ੇਸ਼ ਤੌਰ ਤੇ ਇਸ ਸਮਾਰੋਹ ਵਿੱਚ ਭਾਗ ਲਿਆ। ਸਮਾਰੋਹ ਦਾ ਆਗਾਜ਼ ਧਾਰਮਿਕ ਗੀਤ ਦੇ ਨਾਲ ਦੀਪ ਜਲਾ ਕੇ ਕੀਤਾ ਗਿਆ। ਇਸ ਮੌਕੇ ਸਮਾਰੋਹ ਦੀ ਪ੍ਰਧਾਨਗੀ ਕਰਦੇ ਹੋਏ ਡਾ. ਜੱਸਲ ਨੇ ਕਿਹਾ ਕਿ ਲਲਿਤ ਕਲਾਵਾਂ ਵਿਅਕਤੀ ਦੀ ਅੰਤਰ ਆਤਮਾ ਦਾ



ਪਰਛਾਵਾਂ ਹੁੰਦੀਆਂ ਨੇ ਇਸ ਲਈ ਇਹਨਾਂ ਨੂੰ ਜਾਗਦੇ ਰੱਖਣਾ ਜ਼ਰੂਰੀ ਹੈ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਵੱਲੋਂ ਕੀਤੀ ਗਈ ਸਜਾਵਟ ਅਤੇ ਪੇਸ਼ਕਾਰੀ ਦੀ ਪ੍ਰਸ਼ੰਸਾ ਕੀਤੀ। ਇਸ ਮੌਕੇ ਉਨ੍ਹਾਂ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਇਨਾਮ ਤਕਸੀਮ ਕੀਤੇ। ਸਮਾਰੋਹ ਦਾ ਮੰਚ ਸੰਚਾਲਨ ਰੁਕਸਾਨਾ ਅਤੇ ਰਮਨਦੀਪ ਨੇ ਬਾਖ਼ੂਬੀ ਕੀਤਾ। ਸਮਾਰੋਹ ਦੇ ਆਖੀਰ ਵਿੱਚ ਮੈਡਮ ਕੰਵਲਜੀਤ ਕੌਰ ਨੇ ਇਸ ਸਫਲ ਆਯੋਜਨ ਲਈ ਵਰਸਿਟੀ ਪ੍ਰਬੰਧਕਾਂ ਅਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ।

## (Condolence Meeting)

**Bathinda (Talwandi Sabo)**

The Vice Chancellor and the faculty of Guru Kashi University Talwandi Sabo expressed deep brief on the death of Dr. Khem Singh Gill Ex Vice Chancellor Punjab Agricultural University Ludhiana. Who left the scene for heavenly abode on Tuesday (September 17, 2019). In their Condolence meeting held in University College of agricultural on Thursday (September 19, 2019). Two minutes silence was observed as token of respect to departed soul of the eminent scientist come architect of green revolution in India.The Legend (Dr. K.S Gill was a man of simplicity, transparency and humbleness. Sudden demise of Dr. Gill is a devastating blow to the fraternity of agriculture and peasantry, creating there by a vacuum in agriculture development. Besides agriculture Dr. Gill will be remembered by generations to come for its enormous contributions in the development of society and entire life in the service of mankind. In this condolence meeting Dr. Gurjant Singh Sidhu, Dr. Ajmer Singh Sidhu, Dr. S.S Dhilon, Dr. Jora Singh Brar paid their tribute to the demise soul.



## ਜ਼ਿੰਦਗੀ ਨੂੰ ਤਰਾਸ਼ ਦੀਆਂ ਨੇ ਖੇਡਾਂ : ਡਾ. ਅਸ਼ਵਨੀ ਸੇਠੀ



ਬਠਿੰਡਾ (ਤਲਵੰਡੀ ਸਾਬੋ) ਅੱਜ ਗੁਰੂ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੋ ਦੇ ਕਾਲਜ ਆਫ਼ ਫਿਜ਼ੀਕਲ ਐਜੂਕੇਸ਼ਨ ਵੱਲੋਂ ਇੰਟਰਾ ਮਿਉਰਲ ਕੁਸ਼ਤੀ ਮੁਕਾਬਲੇ ਐਮ.ਪੀ.ਐਡ ਆਖਰੀ ਸਾਲ ਦੇ ਵਿਦਿਆਰਥੀਆਂ ਵੱਲੋਂ ਡਾ. ਜਸਵਿੰਦਰ ਸਿੰਘ ਦੀ ਦੇਖ-ਰੇਖ ਹੇਠ ਕਰਵਾਏ ਗਏ। ਇਸ ਮੌਕੇ ਕਰਵਾਏ ਗਏ ਇਨਾਮ ਵੰਡ ਸਮਾਰੋਹ ਦੇ ਮੁੱਖ ਮਹਿਮਾਨ ਡਾ. ਅਸ਼ਵਨੀ ਸੇਠੀ (ਡਾਇਰੈਕਟਰ ਯੋਜਨਾ ਅਤੇ ਵਿਕਾਸ) ਨੇ ਜੇਤੂ ਖਿਡਾਰੀਆਂ ਨੂੰ ਮੈਡਲ ਪਹਿਣਾ ਕੇ ਨਵਾਜਿਆ ਗਿਆ। ਇਸ ਸਮਾਰੋਹ ਵਿੱਚ ਡਾ. ਚਰਨ ਸਿੰਘ (ਡੀਨ ਖੇਡ ਵਿਭਾਗ), ਡਾ. ਰਾਜਵਿੰਦਰ ਸਿੰਘ, ਡਾ. ਗੁਰਦਾਨ ਸਿੰਘ, ਡਾ. ਸੰਜੇ, ਪ੍ਰੋ. ਗੁਰਦੀਪ ਸਿੰਘ ਅਤੇ ਪ੍ਰੋ. ਸੱਤਪਾਲ ਸਿੰਘ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਮੁੱਖ ਮਹਿਮਾਨ ਡਾ. ਸੇਠੀ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਨੂੰ ਅਨੁਸ਼ਾਸਨ, ਸਮੇਂ ਦੀ ਪਾਬੰਦੀ, ਸਖਤ ਮਿਹਨਤ, ਇਮਾਨਦਾਰੀ ਅਤੇ ਮੰਜ਼ਿਲ ਪ੍ਰਾਪਤੀ ਲਈ ਸੱਚੀ ਲੱਗਨ ਸਿਖਾਉਂਦੀਆਂ ਨੇ, ਇਹ ਖਿਡਾਰੀ ਨੂੰ ਤਰਾਸ਼ ਕੇ ਪੱਥਰ ਤੋਂ ਹੀਰਾ ਬਣਾਉਂਦੀਆਂ ਨੇ। ਇਸ ਲਈ ਹਰ ਵਿਦਿਆਰਥੀ ਨੂੰ ਹਰ ਰੋਜ਼ ਖੇਡਾਂ ਵਿੱਚ ਹਿੱਸਾ ਲੈਣਾ ਅਤਿ ਜ਼ਰੂਰੀ ਹੈ। ਸਮਾਰੋਹ ਵਿੱਚ ਵਿਸ਼ੇਸ਼ ਤੌਰ ਤੇ ਪਧਾਰੇ ਪ੍ਰੋ. ਅਨੂਪ ਸੁਖੀਜਾ ਨੇ ਕਿਹਾ ਕਿ ਖੇਡਾਂ ਵਿਦਿਆਰਥੀਆਂ ਨੂੰ ਨਸ਼ੇ ਵਰਗੀਆਂ ਨਾ-ਮੁਰਾਦ ਬਿਮਾਰੀਆਂ ਤੋਂ ਦੂਰ ਰੱਖਦੀਆਂ ਹਨ। ਖੇਡ ਮੈਦਾਨ ਵਿੱਚ ਸਿੱਖਿਆ ਗਿਆ ਅਨੁਸ਼ਾਸਨ ਅਤੇ ਸਮੇਂ ਦੀ ਪਾਬੰਦੀ ਖਿਡਾਰੀ ਦੇ ਜੀਵਨ ਨੂੰ ਸਫ਼ਲ ਬਣਾਉਣ ਵਿੱਚ ਅਤਿ ਸਹਾਈ ਹੁੰਦਾ ਹੈ। ਅੱਜ ਕਰਵਾਏ ਗਏ ਕੁਸ਼ਤੀ ਮੁਕਾਬਲਿਆਂ ਦੇ ਨਤੀਜੇ ਇਸ ਤਰ੍ਹਾਂ ਰਹੇ 55 ਕਿਲੋ ਤੋਂ ਘੱਟ ਵਰਗ ਵਿੱਚ ਸੰਦੀਪ ਸਿੰਘ ਨੇ ਪਹਿਲਾ, ਲਖਵੀਰ ਸਿੰਘ ਦੂਜਾ, ਸੋਨੂੰ ਕੁਮਾਰ, ਦਰਸ਼ਨ ਕੁਮਾਰ ਨੇ ਤੀਜਾ, 60 ਕਿਲੋ ਤੋਂ ਘੱਟ ਵਰਗ ਵਿੱਚ ਸੁਮਿਤ ਕੁਮਾਰ ਨੇ ਪਹਿਲਾ, ਤਰਸੇਮ ਸਿੰਘ ਨੇ ਦੂਜਾ, ਮਹੇਸ ਸਿੰਘ ਨੇ ਤੀਜਾ, 74 ਕਿਲੋ ਤੋਂ ਘੱਟ ਵਰਗ ਵਿੱਚ ਭੁਪਿੰਦਰ ਸਿੰਘ ਪਹਿਲਾ, ਪ੍ਰਮੋਦ ਕੁਮਾਰ ਦੂਜਾ, ਪ੍ਰਵੀਨ ਕੁਮਾਰ ਅਤੇ ਲਲਿਤ ਨੇ ਤੀਜਾ ਸਥਾਨ ਹਾਸਿਲ ਕੀਤਾ। ਲੜਕੀਆਂ ਵਿੱਚ 57 ਕਿਲੋ ਤੋਂ ਘੱਟ ਵਰਗ ਵਿੱਚ

ਖੁਸ਼ਪ੍ਰੀਤ ਕੌਰ ਨੇ ਗੋਲਡ, ਦੀਵਿਆ ਨੇ ਸਿਲਵਰ, 62 ਕਿਲੋ ਤੋਂ ਘੱਟ ਵਰਗ ਵਿੱਚ ਪੂਨਮ ਨੇ ਗੋਲਡ, ਕਲਸੂਮ ਨੇ ਸਿਲਵਰ ਜਿੱਤਿਆ। ਸਮਾਰੋਹ ਦੇ ਆਖਿਰ ਵਿੱਚ ਜਸਵਿੰਦਰ ਸਿੰਘ ਨੇ ਸਭ ਦਾ ਧੰਨਵਾਦ ਕੀਤਾ।

## ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪੰਜਵੇਂ ਮੈਗਾ ਰੁਜ਼ਗਾਰ ਮੇਲੇ ਵਿਚ ਮਿਲਿਆ 1059 ਨੂੰ ਰੁਜ਼ਗਾਰ



**ਬਠਿੰਡਾ (ਤਲਵੰਡੀ ਸਾਬੋ)** ਮਿਤੀ 24 ਸਤੰਬਰ 2019 ਨੂੰ ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਪੰਜਵੇਂ ਮੈਗਾ ਰੁਜ਼ਗਾਰ ਮੇਲੇ ਦਾ ਆਯੋਜਨ ਜ਼ਿਲਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਕੀਤਾ ਗਿਆ। ਜਿਸ ਦਾ ਉਦਘਾਟਨ ਸ. ਗੁਰਪ੍ਰੀਤ ਸਿੰਘ ਕਾਂਗੜ (ਕੈਬਿਨੇਟ ਮੰਤਰੀ) ਪੰਜਾਬ ਨੇ ਕੀਤਾ। ਇਸ ਮੌਕੇ ਬੀ.ਸ਼੍ਰੀ. ਨਿਵਾਸਨ (ਡਿਪਟੀ ਕਮਿਸ਼ਨਰ) ਬਠਿੰਡਾ, ਗੁਰਪ੍ਰੀਤ ਸਿੰਘ ਥਿੰਦ (ਏ.ਡੀ.ਸੀ) ਬਠਿੰਡਾ, ਅਤੇ ਬਬਨ ਦੀਪ ਸਿੰਘ ਵਾਲੀਆ (ਐਸ.ਡੀ.ਐਮ.) ਤਲਵੰਡੀ ਸਾਬੋ ਵਿਸ਼ੇਸ਼ ਮਹਿਮਾਨ ਵੱਜੋਂ ਸ਼ਾਮਿਲ ਹੋਏ। ਇਸ ਰੁਜ਼ਗਾਰ ਮੇਲੇ ਵਿੱਚ ਵੱਖ-ਵੱਖ ਬੈਕਾਂ ਵੱਲੋਂ ਸਵੈ-ਰੁਜ਼ਗਾਰ ਲਈ ਬਿਨੈਕਾਰਾਂ ਨੂੰ ਪ੍ਰੀ-ਅਪਰੂਵਲ ਲੋਨ ਪੱਤਰ ਮੌਕੇ ਤੇ ਸੌਂਪੇ ਗਏ। ਮੇਲੇ ਦੀ ਸ਼ੁਰੂਆਤ ਮੁੱਖ ਮਹਿਮਾਨ ਅਤੇ ਪੱਤਵੰਤੇ ਸੱਜਣਾ ਵੱਲੋਂ ਦੀਪ ਜਲਾ ਕੇ ਕੀਤੀ ਗਈ। ਇਸ ਮੌਕੇ ਵਰਸਿਟੀ ਦੇ ਕਾਰਜਕਾਰੀ ਉਪ ਕੁੱਲਪਤੀ ਡਾ. ਗੁਰਜੰਟ ਸਿੰਘ ਸਿੱਧੂ, (ਡੀਨ ਅਕਾਦਮਿਕ) ਹਰਜਿੰਦਰ ਸਿੰਘ ਰੋਜ਼, (ਡਾਇਰੈਕਟਰ ਕੈਂਪਸ) ਡਾ. ਵਿਜੈ ਸਾਗਰ ਧੀਮਾਨ, (ਡਾਇਰੈਕਰਟਰ ਯੋਜਨਾ ਅਤੇ ਵਿਕਾਸ) ਡਾ. ਅਸ਼ਵਨੀ ਸੇਠੀ, (ਡੀਨ) ਡਾ. ਸਤਨਾਮ ਸਿੰਘ ਜੱਸਲ, (ਡਿਪਟੀ ਰਜਿਸਟਰਾਰ) ਡਾ. ਅਮਿਤ ਟੂਟੇਜਾ, (ਜ਼ਿਲਾ ਰੁਜ਼ਗਾਰ ਅਫ਼ਸਰ) ਤੀਰਥਪਾਲ ਸਿੰਘ ਨੇ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਮੇਲੇ ਵਿੱਚ ਦੇਸ਼ ਦੀਆਂ ਵੱਖ-ਵੱਖ ਕੰਪਨੀਆਂ ਨੇ ਹਿੱਸਾ ਲਿਆ ਹੈ, ਤੇ ਯੋਗਤਾ ਅਨੁਸਾਰ ਬਿਨੈਕਾਰਾਂ ਦੀ ਚੋਣ ਕੀਤੀ ਗਈ। ਕੈਬਿਨੇਟ ਮੰਤਰੀ ਕਾਂਗੜ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਮੇਲੇਆਂ ਦਾ ਮਕਸਦ ਪੰਜਾਬ ਸਰਕਾਰ ਵੱਲੋਂ ਪੜ੍ਹੇ ਲਿਖੇ ਨੌਜਵਾਨਾਂ ਨੂੰ ਇੱਕ ਮੰਚ ਤੇ ਰੁਜ਼ਗਾਰ ਅਤੇ ਸਵੈ-ਰੁਜ਼ਗਾਰ ਲਈ ਮੌਕਾ ਪ੍ਰਦਾਨ ਕਰਨਾ ਹੈ। ਜਿਸ ਨਾਲ ਪੰਜਾਬ ਦੇ ਲੋਕਾਂ ਅਤੇ ਪੰਜਾਬ ਦੀ ਆਰਥਿਕ ਹਾਲਤ ਵਿੱਚ ਸੁਧਾਰ ਹੋਵੇਗਾ। ਉਨ੍ਹਾਂ ਇਸ ਸਫ਼ਲ ਆਯੋਜਨ ਲਈ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਪ੍ਰਬੰਧਕਾਂ ਅਤੇ ਸਟਾਫ ਦਾ ਧੰਨਵਾਦ ਕੀਤਾ। ਮੇਲੇ ਵਿੱਚ 1374 ਬਿਨੈਕਾਰਾਂ ਨੇ ਆਪਣੀਆਂ ਅਰਜ਼ੀਆਂ ਦਿੱਤੀਆਂ। ਮੇਲੇ ਵਿੱਚ ਮੰਚ ਸੰਚਾਲਨ ਦੀ ਭੂਮਿਕਾ (ਡਿਪਟੀ ਡਾਇਰੈਕਟਰ ਲੋਕ ਸੰਪਰਕ) ਲਵਲੀਨ ਸੱਚਦੇਵਾ ਨੇ ਬਾਖੂਬੀ ਨਿਭਾਈ। ਉਨ੍ਹਾਂ ਇਸ ਮੇਲੇ ਨੂੰ ਸਫ਼ਲ ਬਣਾਉਣ ਲਈ ਜ਼ਿਲਾ ਪ੍ਰਸ਼ਾਸਨ, ਪੰਜਾਬ ਪੁਲਿਸ, ਵਰਸਿਟੀ ਪ੍ਰਬੰਧਕਾਂ ਅਤੇ ਇਲਾਕਾ ਨਿਵਾਸੀਆਂ ਦਾ ਧੰਨਵਾਦ ਕੀਤਾ। ਮੇਲੇ ਦੇ ਆਯੋਜਨ ਵਿੱਚ ਤਰਨਵੀਰ ਕੌਰ ਅਤੇ ਕਰਨਵੀਰ ਸਿੰਘ ਦਾ ਵਿਸ਼ੇਸ਼ ਸਹਿਯੋਗ ਰਿਹਾ।

## ਗੁਰੂ ਕਾਸ਼ੀ ਯੂਨੀਵਰਸਿਟੀ ਵਿਖੇ ਮਨਾਇਆ ਗਿਆ ਫਰਮਾਸਿਸਟ ਦਿਹਾੜਾ।




**ਬਠਿੰਡਾ (ਤਲਵੰਡੀ ਸਾਬੌਂ)** ਬੀਤੇ ਦਿਨੀਂ ਗੁਰੁ ਕਾਸ਼ੀ ਯੂਨੀਵਰਸਿਟੀ ਤਲਵੰਡੀ ਸਾਬੌਂ ਦੇ ਕਾਲਜ ਆਫ਼ ਫਾਰਮੈਸੀ ਵਿਖੇ ਫਰਮਾਸਿਸਟ ਦਿਹਾੜੇ ਤੇ ਮਾਨਸਿਕ ਤਨਾਅ ਅਤੇ ਉਪਚਾਰ ਵਿਸ਼ੇ ਤੇ ਸੈਮੀਨਾਰ ਕਰਵਾਇਆ ਗਿਆ।ਜਿਸ ਵਿੱਚ ਇਲਾਕੇ ਦੇ ਨਾਮਵਰ ਡਾ. ਸਤੀਸ਼ ਥਾਪਰ ਅਤੇ ਡਾ. ਅੰਸ਼ੁਲ ਸਿੰਗਲਾ ਨੇ ਮੁੱਖ ਵਕਤਾ ਦੇ ਤੌਰ ਤੇ ਆਪਣੇ ਵਿਚਾਰ ਰੱਖੇ। ਇਸ ਸੈਮੀਨਾਰ ਦਾ ਉਦਘਾਟਨ ਵਰਸਿਟੀ ਦੇ ਕਾਰਜਕਾਰੀ ਉਪ-ਕੁਲਪਤੀ ਡਾ. ਗੁਰਜੰਟ ਸਿੰਘ ਸਿੱਧੂ ਨੇ ਕੀਤਾ।ਡਾ. ਹਰਜਿੰਦਰ ਸਿੰਘ ਰੌਜ਼ (ਡੀਨ ਅਕਾਦਮਿਕ), ਡਾ. ਪੀ. ਐਸ. ਰਾਏ (ਡੀਨ) ਫਾਰਮੈਸੀ ਵਿਭਾਗ ਨੇ ਵਿਸ਼ੇਸ਼ ਮਹਿਮਾਨ ਦੇ ਤੌਰ ਤੇ ਸਿਰਕਤ ਕੀਤੀ।ਮੁੱਖ ਵਕਤਾ ਦੇ ਤੌਰ ਤੇ ਪਧਾਰੇ ਡਾ. ਸਤੀਸ਼ ਥਾਪਰ ਨੇ ਕਿਹਾ ਕਿ ਮਾਨਸਿਕ ਤਨਾਅ ਤੌਂ ਬਚਣ ਦਾ ਸਹੀ ਤਰੀਕਾ ਮੈਡੀਕਲ ਉਪਚਾਰ ਅਤੇ ਖਾਣ-ਪੀਣ ਤੇ ਸੰਜਮ ਹੈ।ਓਹਨਾਂ ਇਸ ਮੌਕੇ ਆਪਣੇ ਸੰਬੌਧਨ ਵਿੱਚ ਕਿਹਾ ਕਿ ਮਾਨਸਿਕ ਤਨਾਅ ਵੇਲੇ ਨੀਮ-ਹਕੀਮਾਂ ਤੌਂ ਕਦੇ ਵੀ ਦਵਾਈ-ਸਲਾਹ ਨਹੀ ਲੈਣੀ ਚਾਹੀਦੀ।ਇਸ ਹਾਲਤ ਵਿੱਚ ਯੌਗ ਡਾਕਟਰ ਕੌਲ ਜਾਣਾ ਹੀ ਸਹੀ ਇਲਾਜ ਹੈ। ਇਸ ਸੈਮੀਨਾਰ ਨੂੰ ਸਫਲ ਬਣਾਉਣ ਲਈ ਰੋਹਿਤ ਬਾਂਸਲ, ਦਵਿੰਦਰ ਮਹੇਸ਼ਵਰੀ, ਪਰਗਟ ਸਿੰਘ, ਰਮਨਦੀਪ ਕੌਰ, ਕਿਰਨਪਾਲ ਕੌਰ ਅਤੇ ਕਨੂਪ੍ਰਿਆ ਦਾ ਵਿਸ਼ੇਸ਼ ਸਹਿਯੌਗ ਰਿਹਾ।

## GKU AWARDIES

| Sr. No. | Name | Award | Year |
|---|---|---|---|
| 1. | Mr. Gurwinder Singh | Promising Life Coach Award | 22-9-2019 |
| 2. | Ms. Jagdeep Kaur | Promising Leader Award | 22-9-2019 |
| 3. | Ms. Sukhpal Kaur | Promising Educator Award | 22-9-2019 |
| 4. | Mr. Surender Singh | Award for Academic Excellency | 22-9-2019 |
| 5. | Mr. Nirmal Singh | Promising Educator Award | 22-9-2019 |

Volume - 3 | Issue - 9

ਇਹ ਹੈ ਪ੍ਰਗਟ ਹਮਾਰੀ ਕਾਸ਼ੀ

GKU

# GKU TIME

## CAMPUS FACILITIES

- Modern Class Rooms
- WiFi Enabled
- Excellent Security
- AC & Non-AC Hostels (Boys & Girls)
- Medical Care Centre
- International Collaborations
- International Students from Different Countries
- Gymnasium & Sports Infrastructure
- Transport with 100+ kms
- Auditorium with 400 seats
- ATM & Bank Facility

**99142-83400, 99142-86400**

**Toll Free No : 1800-120-2624**